**ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ 2012-13 ਪੰਜਾਬ,**
**( ਅੱਠਵੀਂ ਅਤੇ ਦਸਵੀਂ ਸ੍ਰੇਣੀ ਲਈ)**
**ਰਾਜ ਸਾਇੰਸ ਸਿੱਖਿਆ ਸੰਸਥਾ, ( ਐਸ.ਸੀ..ਈ.ਆਰ.ਟੀ. ) ਪੰਜਾਬ, ਚੰਡੀਗੜ**
**ਐਸ.ਸੀ.ਓ.ਨੰ: 66-67, ਸੈਕਟਰ 17-ਏ, ਚੰਡੀਗੜ, ਫੋਨ ਨੰ: 0172-2780141**

ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ, ਚੰਡੀਗੜ੍ਹ ਵੱਲੋਂ ਪੰਜਾਬ ਰਾਜ ਨਿਪੁੰਨਤਾ ਖੋਜ ਪ੍ਰੀਖਿਆ ( PSTSE) ਸਾਲ 2012-13 ਲਈ 500 ਵਿਦਿਆਰਥੀ ਅੱਠਵੀਂ ਸ੍ਰੇਣੀ ਦੇ ਅਤੇ 500 ਵਿਦਿਆਰਥੀ ਦਸਵੀਂ ਸ੍ਰੇਣੀ ਦੇ ਵਜੀਫੇ ਲਈ ਚੁਣਨ ਲਈ ਮਿਤੀ 27-01-2013 (ਦਿਨ ਐਤਵਾਰ) ਨੂੰ ਟੈਸਟ ਲਏ ਜਾਣੇ ਹਨ। ਪੰਜਾਬ ਰਾਜ ਵਿੱਚ ਸਥਿਤ ਕੇਵਲ ਸਰਕਾਰੀ ਸਕੂਲਾਂ ਦੇ ਅੱਠਵੀਂ ਸ੍ਰੇਣੀ ਅਤੇ ਦਸਵੀਂ ਸ੍ਰੇਣੀ ਵਿੱਚ ਪੜਦੇ ਉਹ ਵਿਦਿਆਰਥੀ ਇਸ ਪ੍ਰੀਖਿਆ ਵਿੱਚ ਭਾਗ ਲੈ ਸਕਦੇ ਹਨ ਜਿਨ੍ਹਾਂ ਨੇ ਸੱਤਵੀ ਸ੍ਰੇਣੀ ਅਤੇ ਨੌਂਵੀਂ ਸ੍ਰੇਣੀ ਦੀ ਸਲਾਨਾ ਪ੍ਰੀਖਿਆ ਵਿੱਚ 55% ਅੰਕ ( ਜਨਰਲ ਕੈਟਾਗਰੀ) ਅਤੇ 50% ਅੰਕ ( ਰਾਖੱਵੀ ਸ੍ਰੇਣੀ ਲਈ) ਪ੍ਰਾਪਤ ਕੀਤੇ ਹੋਣ। ਵਜੀਫਾ 200/- ਪ੍ਰਤੀ ਮਹੀਨਾ ਦੀ ਦਰ ਨਾਲ ਨੌਂਵੀਂ ਅਤੇ ਗਿਆਰਵੀਂ ਤੋਂ ਸੁਰੂ ਹੋ ਕੇ ਬਾਰਵ੍ਹੀਂ ਸ੍ਰੇਣੀ ਤੱਕ ਮਿਲੇਗਾ, ਬਸਰਤੇ ਵਿਦਿਆਰਥੀ ਸਰਕਾਰੀ ਸਕੂਲ ਵਿੱਚ ਪੜਾਈ ਜਾਰੀ ਰੱਖੇ। ਇਸ ਪ੍ਰੀਖਿਆ ਲਈ ਮਾਪਿਆਂ ਦੀ ਆਮਦਨ ਕੋਈ ਹਦ ਬੰਦੀ ਨਹੀਂ ਹੈ। ਜੇ ਵਿਦਿਆਰਥੀ ਅੱਠਵੀਂ ਸ੍ਰੇਣੀ ਦੇ ਆਧਾਰ ਤੇ ਵਜੀਫਾ ਲੈ ਰਿਹਾ ਹੈ ਤਾਂ ਉਹ ਵਿਦਿਆਰਥੀ ਇਹ ਪ੍ਰੀਖਿਆ ਨਹੀਂ ਦੇ ਸਕਦਾ।

**ਪ੍ਰੀਖਿਆ, ਸਿਲੇਬਸ ਅਤੇ ਮਾਧਿਅਮ:-** **ਲਗਾਤਾਰ ਤਿੰਨ ਘੰਟਿਆਂ ਦੀ ਪ੍ਰੀਖਿਆ ਦੇ ਦੋ ਭਾਗ ਹੋਣਗੇ** (1) ਮਾਨਸਿਕ ਯੋਗਤਾ ਦਾ ਟੈਸਟ ( 2) ਵਿਸਿਆਂ ਦੀ ਯੋਗਤਾ ਦਾ ਟੈਸਟ । ਹਰ ਟੈਸਟ ਵਿੱਚ ਮਲਟੀਪਲ ਚੁਆਇਸ ਵਾਲੇ 90 ਪ੍ਰਸਨ ਇੱਕ-ਇੱਕ ਅੰਕ ਵਾਲੇ ਹੋਣਗੇ । ਵਿਸਿਆਂ ਦੀ ਯੋਗਤਾ ਦੇ ਟੈਸਟ ਵਿੱਚ ਅਠਵੀਂ ਸ੍ਰੇਣੀ ਦੇ ਵਿਆਰਥੀਆਂ ਲਈ ( ਸੱਤਵੀਂ ਤੇ ਅੱਠਵੀਂ ਸ੍ਰੇਣੀ) ਅਤੇ ਦਸਵੀਂ ਸ੍ਰੇਣੀ ਦੇ ਵਿਦਿਆਰਥੀਆਂ ਲਈ ( ਨੌਵੀਂ ਅਤੇ ਦਸਵੀਂ ਸ੍ਰੇਣੀ) ਦੇ ਪੱਧਰ ਦੇ ਹੇਠ ਲਿਖੇ ਵਿਸੇ ਹੋਣਗੇ:-

1. ਭੌਤਿਕ ਵਿਗਿਆਨ 2. ਰਸਾਇਣ ਵਿਗਿਆਨ 3. ਜੀਵ ਵਿਗਿਆਨ 4. ਗਣਿਤ

5. ਇਤਿਹਾਸ 6. ਭੂਗੋਲ 7. ਨਾਗਰਿਕ ਸਾਸਤਰ 8. ਅਰਥ ਸ਼ਾਸਤਰ ਵਿਸੇ ਹੋਣਗੇ।

**ਪ੍ਰੀਖਿਆ ਦਾ ਮਾਧਿਅਮ ਕੇਵਲ ਪੰਜਾਬੀ ਹੋਵੇਗਾ।**

ਦਾਖਲਾ ਫਾਰਮ:- ਦਾਖਲਾ ਫਾਰਮ ਪੰਜਾਬ ਸਰਕਾਰ ਦੀ ਵੈਬਸਾਈਟ **www.ssapunjab.org** ਤੋਂ ਪ੍ਰਾਪਤ ਕੀਤੇ ਜਾ ਸਕਦੇ ਹਨ।

ਦਾਖਲਾ ਫਾਰਮ ਜਮਾਂ ਕਰਾਉਣਾ:- ਠੀਕ ਤਰਾਂ ਭਰੇ ਦਾਖਲਾ ਫਾਰਮ ਸਬੰਧਤ ਜਿਲੇ ਦੇ ਪ੍ਰੀਖਿਆ ਕੇਂਦਰ (ਦਾਖਲਾ ਫਾਰਮ ਵਿੱਚ ਦਿੱਤੇ ਅਨੁਸਾਰ) ਵਾਲੇ ਸਕੂਲ ਦੇ ਪ੍ਰਿੰਸੀਪਲ ਪਾਸ ਮਿਤੀ 15-12-2012 ਤੱਕ ਪੁੱਜ ਜਾਣੇ ਚਾਹੀਦੇ ਹਨ। ਪ੍ਰੀਖਿਆ ਲਈ ਰੋਲ ਨੰਬਰ ਪ੍ਰੀਖਿਆ ਕੇਂਦਰ ਵਾਲੇ ਸਕੂਲ ਮੁੱਖੀ ਤੋਂ ਸਮੇਂ ਸਿਰ ਪ੍ਰਾਪਤ ਕਰਨ ਦੀ ਜਿਮੇਵਾਰੀ ਪ੍ਰੀਖਿਆਰਥੀ ਦੀ ਹੋਵਗੀ। **ਕੋਈ ਵੀ ਦਾਖਲਾ ਫਾਰਮ ਦ: ਡਿਪਟੀ ਡਾਇਰੈਕਟਰ, ਰਾਜ ਸਾਇੰਸ ਸਿੱਖਿਆ ਸੰਸਥਾ, ਪੰਜਾਬ, ਚੰਡੀਗੜ ਵਿਖੇ ਨਾ ਭੇਜਿਆ ਜਾਵੇ।**

ਰਾਖਵਾਂਕਰਨ:- ਕੁਲ ਵਜੀਫਿਆਂ ਦਾ 25% ਅਨੁਸੂਚਿਤ ਜਾਤੀ ( ਐਸ.ਸੀ) , 5% ਪਛੜੀਆਂ ਸ੍ਰੇਣੀਆਂ ਅਤੇ 3% ਸੀਟਾਂ ਸਰੀਰਕ ਰੂਪ ਤੋਂ ਵਿਕਲਾਂਗ ਵਿਦਿਆਰਥੀਆਂ (1% ਸੁਣਨ ਤੋਂ ਅਸਮਰਥ, 1% ਚਲਣ ਫਿਰਨ ਤੋਂ ਅਸਮਰਥ ਅਤੇ 1% ਵੇਖਣ ਤੋਂ ਅਸਮਰਥ ) ਲਈ ਰਾਖਵੀਆਂ ਰੱਖੀਆਂ ਗਈਆਂ ਹਨ। ਐਸ.ਸੀ./ਐਸ.ਟੀ. ਅਤੇ ਸਰੀਰਕ ਵਿਕਲਾਂਗ ਵਿਦਿਆਰਥੀ ਸਬੰਧਤ ਅਧਿਕਾਰੀਆਂ ਤੋਂ ਜਾਰੀ ਹੋਏ ਸਰਟੀਫਿਕੇਟ ਦੀ ਤਸਦੀਕਸੁਦਾ ਕਾਪੀ ਫਾਰਮ ਨਾਲ ਨੱਥੀ ਕਰਨ। ਸਰੀਰਕ ਵਿਕਲਾਂਗ ਵਿਦਿਆਰਥੀਆਂ ਦੇ ਸਰਟੀਫਿਕੇਟ ਤੇ ਸਬੰਧਤ ਸਰਟੀਫਿਕੇਟ ਜਾਰੀ ਕਰਤਾ ਵੱਲੋਂ ਇਹ ਤਸਦੀਕ ਕੀਤਾ ਹੋਵੇ ਕਿ ਵਿਦਿਆਰਥੀ ਦੀ ਵਿਕਲਾਂਗਤਾ 40% ਜਾਂ ਇਸ ਤੋਂ ਵੱਧ (P.W.D. act 1995 ਤਹਿਤ ) ਹੈ। **ਇਸ ਪ੍ਰੀਖਿਆ ਦੀ ਕੋਈ ਦਾਖਲਾ ਫੀਸ ਨਹੀਂ ਹੈ।**

ਡਿਪਟੀ ਡਾਇਰੈਕਟਰ
ਰਾਜ ਸਾਇੰਸ ਸਿਖਿਆ ਸੰਸਥਾ, ਪੰਜਾਬ, ਚੰਡੀਗੜ੍ਹ।